# 3
# ''ਭਲਾ ਯਿਸੂ ਮਨੁੱਖ ਲਈ ਨਵਾਂ ਢੰਗ ਹੈ?''

## I. ਭਲਾ ਪੁਰਾਣਾ ਅਤੇ ਨਵਾਂ ਢੰਗ ਇੱਕੋ ਜਿਹੇ ਹਨ?

1. ਪੁਰਾਣੇ ਢੰਗ ਵਿਚ ਯਾਜਕ ਜਾਨਵਰ ਦਾ _________ ਲੈ ਕੇ ਪ੍ਰਾਸਚਿਤ ਕਰਦਾ ਸੀ। ਲੇਵੀਆਂ 4:30, 31
2. ਇਹ ਸਿਰਫ਼ ਇਕ _________ ਸੀ (ਇਬ. 10:1) ਜਿਸ ਤੋਂ _________ ਦੂਰ ਨਹੀਂ ਹੋ ਸਕਦੇ ਸਨ। ਇਬ. 10:4
3. ਪ੍ਰਾਸਚਿਤ ਦਾ ਨਵਾਂ ਢੰਗ ਯਿਸੂ ਦਾ _________ ਹੈ। ਇਬ. 10:19, 20.
4. ਯਿਸੂ ਦੀ _________ ਨਾਲ ਨਵੀਂ ਸ਼ਰ੍ਹਾ ਲਾਗੂ ਹੋਈ (ਇਬ. 9:16, 17) ਅਤੇ ਇਸੇ ਕਾਰਨ _________ ਤੋਂ ਇਸਦਾ ਪ੍ਰਚਾਰ ਅਰੰਭ ਹੋਇਆ। ਲੂਕਾ 24:46, 47

## II. ਨਵੇਂ ਢੰਗ ਨੂੰ ਸਿਖਾਉਣ ਲਈ ਕੀ ਤਿਆਰੀ ਕੀਤੀ ਗਈ ਸੀ?

1. ਖ਼ੁਦਾ ਦਾ ਵਾਅਦਾ ਸੀ ਕਿ ਵਚਨ _________ ਤੋਂ ਨਿੱਕਲੇਗਾ। ਯਸਾ. 2:3
2. ਆਤਮਾ ਨੇ ਰਸੂਲਾਂ ਦੇ ਕੰਮ ਨੂੰ _________ ਤੋਂ ਲੈ ਕੇ ਯਹੂਦੀਆ, ਸਾਮਰੀਆ ਅਤੇ ਧਰਤੀ ਦੇ ਬੰਨੇ ਤਕ ਗਵਾਹੀ ਦੇਣ ਦੇ ਯੋਗ ਬਣਾਉਣ ਲਈ _________ ਨਾਲ ਆਉਣਾ ਸੀ। ਰਸੂਲਾਂ ਦੇ ਕੰਮ 1:8
3. ਆਤਮਾ ਨੇ ਆ ਕੇ, ਉਨ੍ਹਾਂ ਨੂੰ _________ ਗੱਲਾਂ ਸਿਖਾਉਣੀਆਂ ਸਨ, ਜਿਹੜੀਆਂ ਯਿਸੂ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਉਹ ਉਨ੍ਹਾਂ ਨੂੰ _________ ਕਰਾਵੇਗਾ (ਯੂਹੰਨਾ 14:26) ਅਤੇ ਉਨ੍ਹਾਂ ਨੂੰ _________ ਸਚਿਆਈ ਦਾ ਰਾਹ ਦੱਸੇਗਾ। ਯੂਹੰਨਾ 16:13
4. ਯਰੂਸ਼ਲਮ ਵਿਚ (ਰਸੂਲਾਂ ਦੇ ਕੰਮ 2:5) ਪੈਂਟੀਕਾਸਟ ਵਾਲੇ ਦਿਨ ਉਹ _________ ਨਾਲ ਭਰ ਗਏ (ਰਸੂਲ 2:4) ਅਤੇ ਯਿਸੂ ਦੀ ਗਵਾਹੀ ਦੇਣ ਲੱਗੇ। ਰਸੂਲ 2:22

## III. ਯਰੂਸ਼ਲਮ ਵਿਚ ਕੀ ਸਿਖਾਇਆ ਜਾਣ ਲੱਗਾ ਕਿ ਪਾਪਾਂ ਦੀ ਮਾਫ਼ੀ ਲਈ ਕੀ ਕਰਨਾ ਜ਼ਰੂਰੀ ਹੈ?


1. ਵਿਸ਼ਵਾਸ ਕਰਨ ਵਾਲਿਆਂ ਨੂੰ ਪਤਰਸ ਨੇ ਕਿਹਾ ਕਿ _________ ਅਤੇ ਪਾਪਾਂ ਦੀ ਮਾਫ਼ੀ ਲਈ ਯਿਸੂ ਮਸੀਹ ਦੇ ਨਾਂਅ ਵਿਚ _________ ਲਓ। ਰਸੂਲਾਂ ਦੇ ਕੰਮ 2:36–38.
2. ਯਰੂਸ਼ਲਮ ਵਿਚ ਸੁਣਾਇਆ ਜਾਣ ਵਾਲਾ ਇਹ ਸੰਦੇਸ਼ ਅੱਜ _________ ਕੌਮਾਂ ਲਈ ਹੈ। ਲੂਕਾ 24:47.

**IV. ਇਸ ਸਿੱਖਿਆ ਨੂੰ ਸੁਣ ਕੇ, ਲੋਕਾਂ ਦੀ ਪ੍ਰਤੀਕਿਰਿਆ ਕੀ ਸੀ? (ਹੇਠਾਂ ਦਿੱਤੇ ਗਏ ਹਵਾਲੇ ਰਸੂਲਾਂ ਦੇ ਕੰਮ ਕਿਤਾਬ ਵਿੱਚੋਂ ਹਨ)**

1. 2:41---ਯਰੂਸ਼ਲਮ ______________________
2. 8:12---ਸਾਮਰੀਆ ______________________
3. 8:36-39---ਹਬਸ਼ ਦੇਸ਼ ਦਾ ਮੰਤਰੀ ______________________
4. 9:18---ਪੌਲੁਸ ______________________
5. 10:48---ਕੁਰਨੇਲਿਉਸ ______________________
6. 16:33--- ਦਰੋਗਾ ______________________
7. 18:8---ਕੁਰਿੰਥੁਸ ______________________
8. 19:5---ਅਫ਼ਸੁਸ ______________________

**V. ਬਪਤਿਸਮੇ ਦੇ ਬਾਅਦ ਕੀ ਹੋਇਆ?**

1. ਉਨ੍ਹਾਂ ਨੇ ___________ ਜੀਵਨ ਦੀ ਚਾਲ ਚੱਲਣੀ ਸੀ। ਰੋਮੀਆਂ 6:4
2. ਉਨ੍ਹਾਂ ਨੇ ਪਾਪ ___________ ਹੋ ਗਏ (ਰਸੂਲਾਂ ਦੇ ਕੰਮ 2:38) ਅਤੇ ______________ ਗਏ ਸਨ। ਰਸੂਲਾਂ ਦੇ ਕੰਮ 22:16
3. ਉਨ੍ਹਾਂ ਨੂੰ _______________ ਮਿਲ ਗਿਆ ਸੀ। ਮਰਕੁਸ 16:15, 16




Copyright 1987 - Gospel Light Pub. Co., Delight, AR 71940

3

# ''ਭਲਾ ਯਿਸੂ ਮਨੁੱਖ ਲਈ ਨਵਾਂ ਢੰਗ ਹੈ?''

ਇਹ ਅਧਿਐਨ ਸ਼ੀਟ ''ਭਲਾ ਯਿਸੂ ਮਨੁੱਖ ਲਈ ਨਵਾਂ ਢੰਗ ਹੈ?'' ਨੂੰ ਪਹਿਲੇ ਅਧਿਐਨ ਦੇ ਰੂਪ ਵਿਚ ਜਾਂ ਅਧਿਐਨ ਸ਼ੀਟ ''ਪਾਪ ਅਤੇ ਮੌਤ ਕਿੱਥੋਂ ਆਏ?'' (ਪਾਠ 1) ਜਾਂ ਅਧਿਐਨ ਸ਼ੀਟ ''ਖ਼ੁਦਾ ਦੀ ਯੋਜਨਾ ਕੀ ਹੈ?'' (ਪਾਠ 2) ਦੇ ਬਾਅਦ ਵਰਤਿਆ ਜਾ ਸਕਦਾ ਹੈ। ਇਸ ਅਧਿਐਨ ਸ਼ੀਟ ਦੀ ਸਭ ਤੋਂ ਤਰਕਸੰਗਤ ਵਰਤੋਂ ਇਸ ਨੂੰ ''ਖ਼ੁਦਾ ਦੀ ਯੋਜਨਾ ਕੀ ਹੈ?'' ਦੇ ਅਧਿਐਨ ਦੇ ਬਾਅਦ ਪੇਸ਼ ਕਰਨਾ ਹੈ।

**ਮਕਸਦ**

''ਯਿਸੂ ਹੀ ਢੰਗ ਹੈ'' ਸ਼ੀਟ ਦਾ ਮਕਸਦ ਇਹ ਵਿਖਾਉਣਾ ਹੈ ਕਿ ਮਨੁੱਖ ਦੀ ਮਾਫ਼ੀ ਦੇ ਅਧਾਰ ਦੇ ਰੂਪ ਵਿਚ, ਯਿਸੂ ਦੇ ਲਹੂ ਦਾ ਪ੍ਰਚਾਰ ਯਰੂਸ਼ਲਮ ਤੋਂ ਅਰੰਭ ਹੋਇਆ ਸੀ। ਯਰੂਸ਼ਲਮ ਵਿਚ ਦੱਸੀਆਂ ਗਈਆਂ ਮਾਫ਼ੀ ਦੀਆਂ ਸ਼ਰਤਾਂ ਸਭ ਕੌਮਾਂ ਲਈ ਇੱਕੋ ਹਨ।

**ਪਾਠ ਦਾ ਸੰਖੇਪ**

ਇਹ ਅਧਿਐਨ ਸ਼ੀਟ ਵਿਖਾਉਂਦੀ ਹੈ ਕਿ ਜਾਨਵਰਾਂ ਦੀ ਕੁਰਬਾਨੀ ਤੋਂ ਜੋ ਅਸਲ ਕੁਰਬਾਨੀ ਦਾ ਪਰਛਾਵਾਂ ਹੀ ਸਨ, ਪਾਪ ਮਾਫ਼ ਨਹੀਂ ਹੋ ਸਕਦੇ ਸਨ, ਅਤੇ ਹੁਣ ਯਿਸੂ ਦਾ ਲਹੂ ਮਾਫ਼ੀ ਦਾ ਇਕ ਨਵਾਂ ਅਤੇ ਪ੍ਰਭਾਵਸ਼ਾਲੀ ਢੰਗ ਮੁਹੱਈਆ ਕਰਾਉਂਦਾ ਹੈ। ਕਾਫ਼ੀ ਤਿਆਰੀ ਦੇ ਬਾਅਦ ਇਸ *ਨਵੇਂ ਢੰਗ* ਦਾ ਪ੍ਰਚਾਰ ਯਰੂਸ਼ਲਮ ਤੋਂ ਸ਼ੁਰੂ ਕਰ ਕੇ ਸੰਸਾਰ ਦੇ ਦੂਜੇ ਭਾਗਾਂ ਵਿਚ ਪਹੁੰਚਿਆ। ਪਹਿਲੀ ਸਦੀ ਦੇ ਲੋਕਾਂ ਨੂੰ ਦਿੱਤੀ ਗਈ ਮਾਫ਼ੀ ਪਾਉਣ ਦੀਆਂ ਸ਼ਰਤਾਂ ਜਿਨ੍ਹਾਂ ਵਿਚ ਲਿਖੀਆਂ ਗਈਆਂ ਹਨ, ਸਾਰੇ ਸੰਸਾਰ ਲਈ ਹੈ। ਰਸੂਲਾਂ ਦੇ ਕੰਮ ਕਿਤਾਬ ਵਿਚ ਜਿੱਥੇ ਵੀ ਲੋਕਾਂ ਨੇ ਵਚਨ ਨੂੰ ਮੰਨਿਆ, ਉੱਥੇ ਉਨ੍ਹਾਂ ਦਾ ਇੱਕੋ ਹੀ ਢੰਗ ਸੀ, ਇਸ ਲਈ ਸਭ ਵਿਚ ਮਾਫ਼ੀ ਦੀਆਂ ਇੱਕੋ ਜਿਹੀਆਂ ਸ਼ਰਤਾਂ ਦੱਸੀਆਂ ਗਈਆਂ ਹੋਣਗੀਆਂ।

**ਜਾਣ-ਪਛਾਣ**

ਪਿਛਲੇ ਪਾਠ ਵਿਚ ਅਸੀਂ ਸਿੱਖਿਆ ਸੀ ਕਿ ਸ਼ਰ੍ਹਾ ਤੋਂ ਕਿਰਪਾ ਨਹੀਂ ਆਈ ਸੀ। ਜੇ ਸ਼ਰ੍ਹਾ ਤੋਂ ਕਿਰਪਾ, ਰਹਿਮ ਅਤੇ ਧਾਰਮਿਕਤਾ ਮਿਲ ਸਕਦੀ, ਤਾਂ ਯਿਸੂ ਨੂੰ ਮਰਨ ਦੀ ਲੋੜ ਨਹੀਂ ਸੀ ਅਤੇ ਉਹ ਫ਼ਜ਼ੂਲ ਹੀ ਮਰਿਆ। ਇਸ ਪਾਠ ਵਿਚ ਅਸੀਂ ਇਹ ਜਾਣਨ ਦੀ ਕੋਸ਼ਿਸ਼ ਕਰਾਂਗੇ ਕਿ ਪੁਰਾਣੇ ਨੇਮ ਦੇ ਅਧੀਨ ਜਦ ਕਿਸੇ ਕੋਲੋਂ ਅਣਜਾਣੇ ਵਿਚ ਪਾਪ ਹੋ ਜਾਂਦਾ ਸੀ ਤਾਂ ਉਹ ਕੀ ਕਰਦੇ ਸਨ, ਅਤੇ ਇਹ ਵੀ ਅਧਿਐਨ ਕਰਾਂਗੇ ਕਿ *ਨਵੇਂ* ਢੰਗ ਅਰਥਾਤ ਨਵੇਂ ਨੇਮ ਵਿਚ ਮਾਫ਼ੀ ਪਾਉਣ

ਲਈ ਸਾਨੂੰ ਕੀ ਕਰਨਾ ਚਾਹੀਦਾ ਹੈ।

## I. ਪੁਰਾਣਾ ਅਤੇ ਨਵਾਂ ਢੰਗ

ਅਧਿਐਨ ਦੇ ਇਸ ਭਾਗ ਵਿਚ ਅਸੀਂ ਇਸ ਗੱਲ ਤੇ ਵਿਚਾਰ ਕਰਾਂਗੇ ਕਿ *ਪੁਰਾਣੇ* ਨੇਮ ਅਤੇ ਨਵੇਂ ਨੇਮ ਦੇ ਅਧੀਨ ਮਾਫੀ ਦੇ ਢੰਗ ਇੱਕੋ ਜਿਹੇ ਹੀ ਹਨ ਜਾਂ ਨਹੀਂ (ਸ਼ੀਟ ਦੇ *ਪਿਛਲੇ ਪਾਸੇ* ਸੀਨਈ ਪਹਾੜ ਬਣਾਓ ਅਤੇ ਇਸ ਦੇ ਉੱਪਰ ''ਪੁਰਾਣਾ ਨੇਮ'' ਲਿਖ ਦਿਓ।)

1. ਲੋਕਾਂ ਦੇ ਪਾਪਾਂ ਦਾ ਪ੍ਰਾਸਚਿਤ ਕਰਨ ਲਈ ਯਾਜਕ ਕਿਸ ਚੀਜ਼ ਦੀ ਵਰਤੋਂ ਕਰਦੇ ਸਨ? ਲੇਵੀਆਂ ਦੀ ਪੋਥੀ 4:30–31 ਪੜ੍ਹੋ। [ਖਾਲੀ ਥਾਂ ਵਿਚ ''ਲਹੂ'' ਭਰ ਲਵੋ।]

2. ਭਲਾ ਜਾਨਵਰਾਂ ਦੇ ਲਹੂ ਤੋਂ ਮਾਫ਼ੀ ਮਿਲ ਜਾਂਦੀ ਸੀ? [ਇਬਰਾਨੀਆਂ 10:1 ਪੜ੍ਹੋ।] ਜਾਨਵਰ ਦਾ ਲਹੂ ਸਿਰਫ਼ *ਕੀ* ਸੀ? [ਖਾਲੀ ਥਾਂ ਵਿਚ ''ਪਰਛਾਵਾਂ'' ਭਰੋ।] ਭਲਾ ਪਰਛਾਵੇਂ ਦਾ ਅਸਲ ਸਰੂਪ ਹੁੰਦਾ ਹੈ? ਤੁਸੀਂ ਡੂੰਘੀ ਖੱਡ ਨੂੰ ਪਾਰ ਕਰਨ ਲਈ ਪੁਲ ਨੂੰ ਪਾਰ ਕਰੋਗੇ ਜਾਂ ਉਸ ਦੇ ਪਰਛਾਵੇਂ ਨੂੰ? ਪਰਛਾਵਾਂ ਕੀ ਕਰ ਸਕਦਾ ਹੈ? ਭਲਾ ਪਰਛਾਵਾਂ ਅਸਲ ਸਰੂਪ ਦਾ ਸੰਕੇਤ ਦਿੰਦਾ ਹੈ?

[ਇਬਰਾਨੀਆਂ 10:4 ਪੜ੍ਹੋ।] ਜਾਨਵਰਾਂ ਦਾ ਲਹੂ *ਕੀ* ਦੂਰ ਨਹੀਂ ਕਰ ਸਕਦਾ ਸੀ? [ਖਾਲੀ ਥਾਂ ਵਿਚ ''ਪਾਪ'' ਭਰ ਲਓ।] ਜਾਨਵਰਾਂ ਦਾ ਲਹੂ ਸਿਰਫ਼ ਅਸਲ ਸਰੂਪ ਭਾਵ ਸਲੀਬ ਤੇ ਯਿਸੂ ਦੇ ਵਹੇ ਲਹੂ ਦਾ ਅਕਸ ਜਾਂ ਪਰਛਾਵਾਂ ਹੀ ਸੀ। [ਅਧਿਐਨ ਸ਼ੀਟ ਦੇ *ਪਿੱਛੇ* ਇਕ ਸਲੀਬ ਅਤੇ ਸਲੀਬ ਦਾ ਪਰਛਾਵਾਂ ਬਣਾਓ। ਵੇਖੋ ਸਫ਼ਾ 136।]

3. ਮਾਫ਼ੀ ਦਾ ਨਵਾਂ ਢੰਗ ਕੀ ਹੈ? [ਪੜ੍ਹੋ ਇਬਰਾਨੀਆਂ 10:19, 20] ਮਾਫ਼ੀ ਦਾ ਨਵਾਂ ਢੰਗ ਕੀ ਹੈ? [ਖਾਲੀ ਥਾਂ ਵਿਚ ''ਲਹੂ'' ਭਰ ਲਓ।]

4. ਇਹ ਨਵਾਂ ਢੰਗ ਕਦੋਂ ਲਾਗੂ ਹੋਇਆ? [ਇਬਰਾਨੀਆਂ 9:16, 17 ਪੜ੍ਹੋ।] ਨਵਾਂ ਢੰਗ ਯਿਸੂ ਦੀ *ਕਿਸ ਤੇ* ਲਾਗੂ ਹੋਇਆ? [ਖਾਲੀ ਥਾਂ ਵਿਚ ''ਮੌਤ'' ਭਰ ਲਓ।] ਯਿਸੂ ਦੇ ਨਾਂਅ ਵਿਚ ਪਾਪਾਂ ਦੀ ਮਾਫ਼ੀ ਦਾ ਪ੍ਰਚਾਰ *ਕਿੱਥੋਂ* ਸ਼ੁਰੂ ਹੋਣਾ ਸੀ? [ਲੂਕਾ 24:46, 47 ਖਾਲੀ ਥਾਂ ਵਿਚ ''ਯਰੂਸ਼ਲਮ'' ਭਰ ਲਓ।]

ਇਸ ਭਾਗ ਵਿਚ ਅਸੀਂ ਕੀ ਸਿੱਖਿਆ ਹੈ? ਅਸੀਂ ਸਿੱਖਿਆ ਹੈ ਕਿ ਮਾਫ਼ੀ ਦਾ ਪੁਰਾਣਾ ਢੰਗ ਮਾਫੀ ਦਾ ਹੀ ਪਰਛਾਵਾਂ ਸੀ, ਯਿਸੂ ਦਾ ਲਹੂ ਦੂਜੇ ਅਰਥਾਤ ਨਵੇਂ ਢੰਗ ਦੇ ਨਾਲ–ਨਾਲ ਪਹਿਲੇ ਦੇ ਅਧੀਨ ਰਹਿਣ ਵਾਲੇ ਲੋਕਾਂ ਦੀ ਮਾਫ਼ੀ ਦਾ ਵੀ ਅਧਾਰ ਹੈ (ਇਬਰਾਨੀਆਂ 9:15)। ਜਾਨਵਰਾਂ ਦਾ ਲਹੂ ਸਿਰਫ਼ ਇਕ ਪ੍ਰਤੀਕ ਸੀ, ਪਰ ਉਸ ਪ੍ਰਤੀਕ ਨੂੰ ਯਿਸੂ ਦੇ ਲਹੂ ਦੀ ਹਮਾਇਤ ਸੀ। ਇਹ ਜਾਣਨ ਲਈ ਕਿ ਯਿਸੂ ਸਲੀਬ ਤੇ ਮਰੇਗਾ, ਖ਼ੁਦਾ ਨੇ ਯਿਸੂ ਦੇ ਮਰਨ ਦੀ ਉਡੀਕ ਨਹੀਂ ਕਰਨੀ ਸੀ। ਖ਼ੁਦਾ ਨੇ ਸੰਸਾਰ ਦੀ ਰਚਨਾ ਤੋਂ ਪਹਿਲਾਂ ਹੀ ਯਿਸੂ ਦੀ ਮੌਤ ਦੀ ਯੋਜਨਾ ਬਣਾਈ ਸੀ, ਉਸਨੂੰ ਪਹਿਲਾਂ ਤੋਂ ਹੀ ਵੇਖਿਆ ਅਤੇ ਜਾਣਿਆ ਸੀ (1 ਪਤਰਸ 1:18–20)।

## II. ਨਵੇਂ ਢੰਗ ਲਈ ਤਿਆਰੀ

ਪੁਰਾਣਾ ਨੇਮ ਪਵਿੱਤਰ ਆਤਮਾ ਦੇ ਰਾਹੀਂ ਦਿੱਤਾ ਗਿਆ ਸੀ (2 ਪਤਰਸ 1:19, 20) ਅਤੇ ਯਿਸੂ ਦੇ ਆਉਣ ਤੋਂ ਪਹਿਲਾਂ ਲਿਖਿਆ ਗਿਆ ਸੀ, ਪਰ ਯਿਸੂ ਦੇ ਸਲੀਬ ਤੇ ਮਰਨ ਦੇ ਬਾਅਦ ਵੀ, ਉਸ ਦੀ ਕੋਈ ਸਿੱਖਿਆ ਲਿਖੀ ਨਹੀਂ ਗਈ ਸੀ। ਯਿਸੂ ਦੀ ਸਿੱਖਿਆ ਨੂੰ ਚੇਤੇ

*ਰੱਖਣ* ਦੇ ਕੁਝ ਸਾਧਨ ਅਤੇ ਨਵੇਂ ਢੰਗ ਦਾ ਪ੍ਰਚਾਰ ਕਰਨ ਲਈ *ਅਰੰਭ ਦਾ ਸਥਾਨ* ਦਿੱਤੇ ਜਾਣੇ ਸਨ।

1. ਖ਼ੁਦਾ ਨੇ ਵਾਅਦਾ ਕੀਤਾ ਸੀ ਕਿ ਆਖ਼ਰੀ ਦਿਨਾਂ ਵਿਚ ਪ੍ਰਭੂ ਦਾ ਵਚਨ ਇਕ ਖਾਸ ਨੱਗਰ ਚੋਂ ਨਿੱਕਲੇਗਾ [ਪੜ੍ਹੋ ਯਸਾਯਾਹ 2:3] ਪ੍ਰਭੂ ਦਾ ਵਚਨ *ਕਿਹੜੇ* ਸ਼ਹਿਰ ਚੋਂ ਨਿੱਕਲਣਾ ਸੀ? [ਖਾਲੀ ਥਾਂ ਵਿਚ ''ਯਰੂਸ਼ਲਮ'' ਭਰ ਲਓ।] ਇਹ ''ਆਖ਼ਰੀ ਦਿਨਾਂ'' ਵਿਚ ਹੋਣਾ ਸੀ। (ਯਸਾਯਾਹ 2:2)। ਨਵੇਂ ਨੇਮ ਦੇ ਅਨੁਸਾਰ ਹੁਣ ਤਕ ਅਸੀਂ ਆਖ਼ਰੀ ਦਿਨਾਂ ਵਿਚ ਰਹਿ ਰਹੇ ਹਾਂ (ਇਬਰਾਨੀਆਂ 1:1, 2), ਜਿਸ ਦਾ ਯਿਸੂ ਦੇ ਜੀ ਉੱਠਣ ਦੇ ਬਾਅਦ ਪਹਿਲੇ ਪੈਂਟੀਕਾਸਟ ਦੇ ਪਰਬ ਤੇ ਪਤਰਸ ਨੇ ਵੀ ਸੰਕੇਤ ਦਿੱਤਾ (ਰਸੂਲਾਂ ਦੇ ਕੰਮ 2:1, 14)।

2. ਯਿਸੂ ਨੇ ਵਾਅਦਾ ਕੀਤਾ ਸੀ ਕਿ ਰਸੂਲਾਂ ਨੂੰ ਸੇਵਕਾਈ ਲਈ ਤਿਆਰ ਕਰਨ ਲਈ ਪਵਿੱਤਰ ਆਤਮਾ ਭੇਜਿਆ ਜਾਵੇਗਾ [ਰਸੂਲਾਂ ਦੇ ਕੰਮ 1:8 ਪੜ੍ਹੋ।] ਰਸੂਲ *ਕਿੱਥੋਂ* ਸ਼ੁਰੂ ਕਰ ਕੇ ਗਵਾਹ ਬਣ ਸਕੇ ਅਤੇ ਆਤਮਾ *ਕਿਹਦੇ* ਨਾਲ ਆਇਆ? [ਖਾਲੀ ਥਾਂ ਵਿਚ ''ਯਰੂਸ਼ਲਮ'' ਅਤੇ ''ਸ਼ਕਤੀ'' ਭਰ ਲਓ। *ਪਿਛਲੇ ਪਾਸੇ* ਇਹ ਸੰਕੇਤ ਦਿੰਦਿਆਂ ਕਿ ਵਚਨ ਯਰੂਸ਼ਲਮ ਤੋਂ ਯਹੂਦੀਆ, ਸਾਮਰੀਆ ਅਤੇ ਫਿਰ ਧਰਤੀ ਦੇ ਬੰਨੇ ਤੀਕ ਪਹੁੰਚਣਾ ਸੀ ਯਰੂਸ਼ਲਮ ਦਾ ਰੇਖਾ ਚਿੱਤਰ ਬਣਾਓ। ਇਸ ਦੇ ਉੱਤੇ ''ਯਿਸੂ'' ਅਤੇ ਫਿਰ ''ਪਵਿੱਤਰ ਆਤਮਾ'' ਲਿਖ ਲਓ। ਵੇਖੋ ਸਫ਼ਾ 136।]

3. ਪਵਿੱਤਰ ਆਤਮਾ ਨੇ ਰਸੂਲਾਂ ਨੂੰ ਕਿਵੇਂ ਤਿਆਰ ਕਰਨਾ ਸੀ? [ਯੂਹੰਨਾ 14:26 ਪੜ੍ਹੋ।] ਉਸ ਨੇ ਰਸੂਲਾਂ ਨੂੰ *ਕਿੰਨਾ* ਸਿਖਾਉਣਾ ਸੀ ਅਤੇ ਉਨ੍ਹਾਂ ਨੂੰ *ਕਿੰਨੀਆਂ* ਗੱਲਾਂ ਚੇਤੇ ਕਰਨ ਵਿਚ ਮਦਦ ਕਰਨੀ ਸੀ? [ਖਾਲੀ ਥਾਵਾਂ ਵਿਚ ''ਸੱਭ'' ਭਰ ਲਓ।] ਉਸ ਨੇ ਰਸੂਲਾਂ ਨੂੰ ਕਿੰਨੀ ਸਚਿਆਈ ਦੱਸਣੀ ਸੀ? [ਪੜ੍ਹੋ ਯੂਹੰਨਾ 16:13] ਉਸ ਨੇ ਉਨ੍ਹਾਂ ਨੂੰ *ਕਿੰਨੀ ਸਚਿਆਈ* ਦੱਸਣੀ ਸੀ? [ਖਾਲੀ ਥਾਂ ਵਿਚ ''ਸਾਰੀ'' ਭਰ ਲਓ।]

[ਜੇ ਸਿੱਖਣ ਵਾਲਾ ਆਤਮਾ ਦੇ ਰਾਹੀਂ ਸਿਰਫ਼ ਰਸੂਲਾਂ ਨੂੰ ਹੀ ਸਾਰੀ ਸਚਿਆਈ ਦੱਸਣ ਤੇ ਕੋਈ ਸਵਾਲ ਪੁੱਛਦਾ ਹੈ, ਤਾਂ ਉਸ ਨੂੰ ਸਮਝਾਓ ਕਿ ਇਹ ਵਾਅਦਾ ਦਿੱਤੇ ਜਾਣ ਵੇਲੇ ਸਿਰਫ਼ ਰਸੂਲ ਹੀ ਉੱਥੇ ਮੌਜੂਦ ਸਨ (ਯੂਹੰਨਾ 13:1–4; ਮੱਤੀ 26:20; ਲੂਕਾ 22:13, 14)।]

4. ਰਸੂਲਾਂ ਤੇ ਪਵਿੱਤਰ ਆਤਮਾ ਕਦੋਂ ਅਤੇ ਕਿੱਥੇ ਆਇਆ? [ਰਸੂਲਾਂ ਦੇ ਕੰਮ 2:4 ਪੜ੍ਹੋ।] ਯਰੂਸ਼ਲਮ ਵਿਚ [ਰਸੂਲਾਂ ਦੇ ਕੰਮ 2:5], ਜਿੱਥੇ ਯਿਸੂ ਨੇ ਉਨ੍ਹਾਂ ਨੂੰ ਆਤਮਾ ਪਾਉਣ ਲਈ ਉਡੀਕ ਕਰਨ ਨੂੰ ਕਿਹਾ ਸੀ (ਲੂਕਾ 24:49; ਰਸੂਲਾਂ ਦੇ ਕੰਮ 1:4), ਉਡੀਕ ਕਰਦੇ ਸਮੇਂ ਓਹ *ਕਿਹਦੇ* ਨਾਲ ਭਰ ਗਏ? [ਖਾਲੀ ਥਾਂ ਵਿਚ ''ਪਵਿੱਤਰ ਆਤਮਾ'' ਭਰ ਲਓ।] ਫਿਰ ਓਹ ਯਿਸੂ ਦੀ ਗਵਾਹੀ ਦੇਣ ਲੱਗੇ ਸਨ (ਰਸੂਲਾਂ ਦੇ ਕੰਮ 2:22)।

[*ਪਿਛਲੇ ਪਾਸੇ* ਯਿਸੂ ਦੇ ਦਫ਼ਨਾਏ ਜਾਣ, ਜੀ ਉੱਠਣ ਅਤੇ ਸੁਰਗ ਨੂੰ ਉਠਾਏ ਜਾਣ ਦਾ ਚਿੱਤਰ ਬਣਾਓ। ਉਸ ਦੇ ਉੱਤੇ ਲਿਖੋ ''ਨਵਾਂ ਨੇਮ।'' ਵੇਖੋ ਸਫ਼ਾ 136।] ਪੈਂਟੀਕਾਸਟ ਦਾ ਪਰਬ ਪਸਾਹ ਦੇ ਪੰਜਾਹ ਦਿਨ ਬਾਅਦ ਆਉਂਦਾ ਸੀ [ਲੇਵੀਆਂ 23:15] ਇਸ ਲਈ, ਇਹ ਯਿਸੂ ਦੇ ਜੀ ਉੱਠਣ ਦੇ ਪੰਜਾਹ ਦਿਨ ਬਾਅਦ ਦੀ ਗੱਲ ਹੈ। ਪਸਾਹ ਦੇ ਪਰਬ ਦੇ ਬਾਅਦ ਜੀ ਉੱਠਿਆ ਸੀ। ਉਹ ਸੁਰਗ ਵਿਚ ਉਠਾ ਲਏ ਜਾਣ ਤੋਂ ਪਹਿਲਾਂ ਚਾਲੀ ਦਿਨ ਤਕ ਧਰਤੀ ਤੇ ਰਿਹਾ (ਰਸੂਲਾਂ ਦੇ ਕੰਮ 1:3) ਸੀ। ਪੈਂਟੀਕਾਸਟ ਦਾ ਪਰਬ ਉਸ ਦੇ ਸੁਰਗ ਵਿਚ ਵਾਪਸ ਜਾਣ ਦੇ ਸਿਰਫ਼ ਦਸ ਦਿਨ ਬਾਅਦ ਹੀ ਸੀ। ਇਸ ਦਾ ਅਰਥ ਹੈ ਕਿ ਰਸੂਲਾਂ ਤੇ ਆਤਮਾ ਯਿਸੂ ਦੇ

ਸੁਰਗ ਵਾਪਸ ਜਾਣ ਦੇ ਦਸ ਦਿਨਾਂ ਬਾਅਦ ਹੀ ਆ ਗਿਆ ਸੀ। [ਇਹ ਵਿਖਾਉਣ ਲਈ *ਪਿਛਲੇ ਪਾਸੇ* ''40 ਦਿਨ'' ਅਤੇ ''10 ਦਿਨ'' ਲਿਖੋ। ਵੇਖੋ ਸਫ਼ਾ 136।]

ਅਸੀਂ ਇਸ ਭਾਗ ਵਿਚ ਕੀ ਸਿੱਖਿਆ ਹੈ? ਅਸੀਂ ਸਿੱਖਿਆ ਹੈ ਕਿ ਖ਼ੁਦਾ ਨੇ ਆਖ਼ਰੀ ਦਿਨਾਂ ਵਿਚ ਪ੍ਰਭੂ ਦਾ ਵਚਨ ਯਰੂਸ਼ਲਮ ਤੋਂ ਨਿਕਲਣ ਦੀ ਭਵਿੱਖਬਾਣੀ ਕੀਤੀ ਅਤੇ ਉਸ ਦੀ ਤਿਆਰੀ ਕੀਤੀ। ਯਿਸੂ ਨੇ ਰਸੂਲਾਂ ਤੇ ਪਵਿੱਤਰ ਆਤਮਾ ਭੇਜਿਆ ਤਾਂ ਕਿ ਉਹ *ਯਰੂਸ਼ਲਮ* ਤੋਂ ਲੈ ਕੇ ਉਸਦੇ ਨਾਂਅ ਵਿਚ ਬਚਾਏ ਜਾਣ ਦਾ ਪ੍ਰਚਾਰ ਕਰਨ ਲਈ ਬਿਲਕੁਲ ਉਸੇ ਤਰ੍ਹਾਂ ਤਿਆਰ ਹੋਇਆ ਜਿਵੇਂ ਖ਼ੁਦਾ ਨੇ ਵਾਅਦਾ ਕੀਤਾ ਸੀ (ਲੂਕਾ 24:46, 47)। ਯਿਸੂ ਦੇ ਜੀ ਉੱਠਣ ਦੇ ਬਾਅਦ ਪਹਿਲੇ ਪੈਂਟੀਕਾਸਟ ਵਾਲੇ ਦਿਨ ਉਨ੍ਹਾਂ ਨੇ ਇਹੀ ਕੀਤਾ ਸੀ (ਰਸੂਲਾਂ ਦੇ ਕੰਮ 2:5, 22)।

## III. ਮਾਫ਼ੀ ਦੀ ਪੇਸ਼ਕਸ਼ ਕੀਤੀ ਗਈ

1. ਯਿਸੂ ਮਸੀਹ ਦੇ ਨਾਂਅ ਵਿਚ ਬਚਾਏ ਜਾਣ ਦਾ ਸੰਦੇਸ਼ ਦੇਣ ਵਾਲਾ ਪਹਿਲਾ ਆਦਮੀ ਪਤਰਸ ਹੀ ਸੀ। ਜੇ ਪਤਰਸ ਨੇ ਉਸ ਤੋਂ ਪੁੱਛਣ ਵਾਲਿਆਂ ਨੂੰ ਕਿ ਉਨ੍ਹਾਂ ਸੀਨਈ ਪਹਾੜ ਤੇ ਸਿਖਾਈਆਂ ਗਈਆਂ ਗੱਲਾਂ ਨੂੰ ਪੂਰਾ ਕਰਨ ਲਈ ਕੀ ਕਰਨਾ ਚਾਹੀਦਾ ਹੈ, ਦੱਸਣਾ ਹੁੰਦਾ ਤਾਂ ਉਹ ਉਨ੍ਹਾਂ ਨੂੰ ਕੀ ਕਰਨ ਲਈ ਆਖਦਾ? ਉਹ ਤਾਂ ਉਨ੍ਹਾਂ ਨੂੰ ਜਾਨਵਰਾਂ ਦੀ ਕੁਰਬਾਨੀ ਦੇਣ ਲਈ ਹੀ ਕਹਿੰਦਾ। ਯਿਸੂ ਦੀ ਮੌਤ ਦਾ ਕੰਮ ਪੂਰਾ ਹੋ ਜਾਣ ਨਾਲ, ਯਿਸੂ ਦੇ ਲਹੂ ਨਾਲ ਮਾਫ਼ੀ ਦਾ ਨਵਾਂ ਢੰਗ ਸ਼ੁਰੂ ਹੋ ਗਿਆ ਸੀ। ਇਸ ਨਵੇਂ ਢੰਗ ਵਿਚ ਮਾਫ਼ੀ ਦੀਆਂ ਸ਼ਰਤਾਂ ਕੀ ਸਨ? [ਰਸੂਲਾਂ ਦੇ ਕੰਮ 2:38 ਪੜ੍ਹੋ।] ਯਿਸੂ ਵਿਚ ਨਿਹਚਾ ਕਰਨ ਵਾਲਿਆਂ ਨੂੰ ਯਿਸੂ ਮਸੀਹ ਦੇ ਨਾਂਅ ਵਿਚ ਕੀ ਕਰਨ ਲਈ ਕਿਹਾ ਗਿਆ ਸੀ? [ਖਾਲੀ ਥਾਂ ਚ ''ਤੌਬਾ ਕਰੋ'' ਅਤੇ ''ਬਪਤਿਸਮਾ'' ਭਰੋ।]

2. ਪਤਰਸ ਨੇ ਉਨ੍ਹਾਂ ਨੂੰ ਜਾਨਵਰਾਂ ਦੀ ਕੁਰਬਾਨੀ ਦੇਣ ਲਈ ਕਿਉਂ *ਨਹੀਂ* ਕਿਹਾ? ਸਲੀਬ ਤੇ ਯਿਸੂ ਦੀ ਮੌਤ ਨਾਲ ਪੁਰਾਣਾ ਢੰਗ ਖਤਮ ਹੋ ਚੁੱਕਾ ਸੀ। ਯਰੂਸ਼ਲਮ ਤੋਂ ਅਰੰਭ ਕਰਕੇ ਪਤਰਸ ਨੇ ਨਵੇਂ ਢੰਗ ਦੀਆਂ ਸ਼ਰਤਾਂ ਸੁਣਾਇਆਂ [ਲੂਕਾ 24:47 ਪੜ੍ਹੋ।] ਪਤਰਸ ਵੱਲੋਂ ਯਰੂਸ਼ਲਮ ਵਿਚ ਦਿੱਤਾ ਗਿਆ ਇਹ ਸੰਦੇਸ਼ *ਕਿਹਦੇ* ਲਈ ਸੀ? [ਖਾਲੀ ਥਾਂ ਵਿਚ ''ਸਭ'' ਭਰੋ। ਪਿਛਲੇ ਪਾਸੇ ''ਸਭ ਕੌਮਾਂ'' ਦੇ ਹੇਠਾਂ ''ਤੌਬਾ ਕਰੋ ਅਤੇ ਤੁਹਾਡੇ ਵਿੱਚੋਂ ਹਰੇਕ ਆਪੋ ਆਪਣੇ ਪਾਪਾਂ ਦੀ ਮਾਫ਼ੀ ਲਈ ਯਿਸੂ ਮਸੀਹ ਦੇ ਨਾਂਅ ਵਿਚ ਬਪਤਿਸਮਾ ਲਵੇ'' ਲਿਖੋ। (ਰਸੂਲਾਂ ਦੇ ਕੰਮ 2:38)]।

ਇਸ ਭਾਗ ਵਿਚ ਅਸੀਂ ਕੀ ਸਿੱਖਿਆ? ਅਸੀਂ ਸਿੱਖਿਆ ਹੈ ਕਿ ਨਵੇਂ ਪ੍ਰਬੰਧ ਵਿਚ ਯਿਸੂ ਤੇ ਨਿਹਚਾ ਰੱਖਣ ਵਾਲਿਆਂ ਨੂੰ ਤੌਬਾ ਕਰਕੇ ਬਪਤਿਸਮਾ ਲੈਣਾ ਚਾਹੀਦਾ ਹੈ ਤਾਂ ਜੋ ਯਿਸੂ ਦਾ ਲਹੂ ਉਨ੍ਹਾਂ ਨੂੰ ਉਨ੍ਹਾਂ ਦੇ ਪਾਪਾਂ ਤੋਂ ਸ਼ੁੱਧ ਕਰੇ।

## IV. ਜਵਾਬ

ਉਹ ਸੰਦੇਸ਼ ਜਿਹਦਾ ਪ੍ਰਚਾਰ ਯਰੂਸ਼ਲਮ ਵਿਚ ਹੋਇਆ, ਸੁਣ ਕੇ ਸੰਸਾਰ ਦੇ ਬਾਕੀ ਲੋਕਾਂ ਦੇ ਕੀ ਵਿਚਾਰ ਸਨ? ਕੀ ਉਨ੍ਹਾਂ ਨੇ ਇੱਕੋ ਹੀ ਤਰ੍ਹਾਂ ਜਵਾਬ ਦਿੱਤਾ? ਰਸੂਲਾਂ ਦੇ ਕੰਮ ਕਿਤਾਬ ਇਹ ਨਹੀਂ ਕਹਿੰਦੀ ਕਿ ਜਿੱਥੇ ਵੀ ਲੋਕਾਂ ਵਿਚ ਪਾਪਾਂ ਦੀ ਮਾਫ਼ੀ ਲਈ ਪ੍ਰਚਾਰ ਕੀਤਾ ਗਿਆ, ਉੱਥੇ ਸਭ ਨੇ ਉਹਨੂੰ ਅਪਨਾ ਲਿਆ, ਹਰ ਥਾਂ ਤੌਬਾ ਦੀਆਂ ਸ਼ਰਤਾਂ ਦੱਸਣਾ ਜ਼ਰੂਰੀ ਨਹੀਂ

ਕਿਉਂਕਿ ਇਹ ਭਰੋਸਾ ਦਿੱਤਾ ਗਿਆ ਹੈ ਕਿ ਜੋ ਪ੍ਰਚਾਰ ਸ਼ੁਰੂ ਚ ਯਰੂਸ਼ਲਮ ਵਿਚ ਹੋਇਆ ਉਹੀ ਬਾਕੀ ਸਾਰੀ ਦੁਨੀਆਂ ਵਿਚ ਵੀ ਹੋਵੇਗਾ। ਸੰਸਾਰ ਦੇ ਦੂਜੇ ਥਾਂਵਾਂ ਵਿਚ ਪ੍ਰਚਾਰ ਦੇ ਤਰੀਕੇ ਨੂੰ ਜਾਣਨ ਲਈ ਸਾਨੂੰ ਐਨਾ ਹੀ ਜਾਣਨ ਦੀ ਲੋੜ ਹੈ ਕਿ ਯਰੂਸ਼ਲਮ ਵਿਚ ਕੀ ਪ੍ਰਚਾਰ ਹੋਇਆ।

ਇਹਦੀ ਤੁਲਨਾ ਵੈਕਯੁਮ ਕਲੀਨਰ ਦੀ ਇਕ ਕੰਪਨੀ ਵੱਲੋਂ ਇਕ ਸੇਲਜ਼ ਮੈਨੇਜ਼ਰ ਨੂੰ ਸ਼ਿਕਾਗੋ ਤੋਂ ਲੈ ਕੇ ਅਮਰੀਕਾ ਦੇ ਹਰ ਥਾਂ ਤੇ ਲਿਖੇ ਹੋਏ ਮੁੱਲ ਦੇ ਅਨੁਸਾਰ ਇਕ ਖਾਸ ਵੈਕਯੁਮ ਕਲੀਨਰ ਦੀ ਨੁਮਾਇਸ਼ ਅਤੇ ਉਸ ਨੂੰ ਵੇਚਣ ਦਾ ਹੁਕਮ ਦੇਣ ਨਾਲ ਕਰੋ। ਜੋ ਕੁਝ ਵੀ ਹੋਇਆ ਉਹ ਬੰਦਾ ਉਸ ਨੂੰ ਇਵੇਂ ਦੱਸਦਾ ਹੈ।

ਉਹ ਸੇਲਜ਼ਮੈਨ ਸ਼ਿਕਾਗੋ ਵਿਚ ਗਿਆ ਅਤੇ ਉੱਥੇ ਜਾ ਕੇ ਉਸ ਨੇ ਵੈਕਯੂਮ ਕਲੀਨਰ ਲੋਕਾਂ ਨੂੰ ਵਿਖਾਇਆ। ਕੁਝ ਲੋਕਾਂ ਨੂੰ ਇਹ ਚੰਗਾ ਲੱਗਾ ਅਤੇ ਉਹ ਪੁੱਛਣ ਲੱਗੇ, ''ਇਹ ਵੈਕਯੁਮ ਕਲੀਨਰ ਕਿੰਨੇ ਵਿਚ ਮਿਲਦਾ ਹੈ?'' ਇਸ ਤੇ ਉਸ ਸੇਲਜ਼ਮੈਨ ਨੇ ਆਖਿਆ, ''ਤੁਹਾਨੂੰ 300 ਡਾਲਰ ਵਿਚ ਇਹ ਵੈਕਯੁਮ ਕਲੀਨਰ ਮਿਲ ਸਕਦਾ ਹੈ।'' ਜਿਨ੍ਹਾਂ ਨੂੰ ਇਹ ਚੰਗਾ ਲੱਗਾ ਉਨ੍ਹਾਂ ਨੇ ਖ਼ਰੀਦ ਲਿਆ।

ਫਿਰ ਉਸ ਨੇ ਸੈਂਟ ਲੂਈਸ ਵਿਚ ਜਾ ਕੇ ਵੈਕਯੁਮ ਕਲੀਨਰ ਦੀ ਨੁਮਾਇਸ਼ ਲਾਈ। ਜਿੰਨੇ ਲੋਕਾਂ ਨੂੰ ਇਹ ਚੰਗਾ ਲੱਗਾ ਉਨ੍ਹਾਂ ਨੇ ਇਹਨੂੰ ਖ਼ਰੀਦ ਲਿਆ। ਫਿਰ ਉਹ ਲਾਸ ਏਂਜਲਸ ਚਲਾ ਗਿਆ ਅਤੇ ਉੱਥੋਂ ਦੇ ਲੋਕਾਂ ਨੇ ਵੀ ਵੈਕਯੁਮ ਕਲੀਨਰ ਖ਼ਰੀਦ ਲਿਆ।

ਭਲਾ ਸਮਝਾਉਣ ਵਾਲੇ ਨੂੰ ਹਰ ਵਾਰ ਇਹ ਦੱਸਣ ਦੀ ਲੋੜ ਹੈ ਕਿ ਜਿਨ੍ਹਾਂ ਨੇ ਪਹਿਲਾਂ ਵੈਕਯੁਮ ਕਲੀਨਰ ਖਰੀਦੇ ਸਨ ਉਨ੍ਹਾਂ ਨੂੰ ਦੱਸਿਆ ਗਿਆ ਸੀ ਕਿ ਉਹ ਇਸ ਨੂੰ 300 ਡਾਲਰ ਵਿਚ ਖਰੀਦ ਸਕਦੇ ਸਨ? ਬੇਸ਼ੱਕ ਨਹੀਂ।

ਇਸ ਤਰ੍ਹਾਂ ਲੂਕਾ ਨੂੰ ਵੀ ਰਸੂਲਾਂ ਦੇ ਕੰਮ ਕਿਤਾਬ ਲਿਖਦਿਆਂ ਹਰ ਵਾਰ ਇਹ ਜ਼ਿਕਰ ਕਰਨ ਦੇ ਲੋੜ ਨਹੀਂ ਸੀ ਕਿ ਪਾਪਾਂ ਦੀ ਮਾਫ਼ੀ ਚਾਹੁੰਣ ਵਾਲਿਆਂ ਨੂੰ ਦੱਸਿਆ ਗਿਆ ਸੀ ਕਿ ਓਹ ਪਾਪਾਂ ਦੀ ਮਾਫ਼ੀ ਲਈ ਤੌਬਾ ਕਰਕੇ ਬਪਤਿਸਮਾ ਲੈਣ। ਇਨੀ ਤਾਂ ਸਮਝ ਹੋਣੀ ਹੀ ਚਾਹੀਦੀ ਸੀ। ਕਿਉਂਕਿ ਜੋ ਪ੍ਰਚਾਰ ਯਰੂਸ਼ਲਮ ਵਿਚ ਕੀਤਾ ਗਿਆ ਸੀ ਉਹੀ ਦੁਨੀਆ ਦੇ ਹਰ ਹਿੱਸੇ ਵਿਚ ਹੋਣਾ ਸੀ। ਇਹ ਤੱਥ ਕਿ ਉਨ੍ਹਾਂ ਨੇ ਬਪਤਿਸਮਾ ਲੈ ਕੇ ਵਚਨ ਨੂੰ ਕਬੂਲ ਕੀਤਾ, ਸੰਕੇਤ ਦਿੰਦਾ ਹੈ ਕਿ ਉਨ੍ਹਾਂ ਨੂੰ ਪਾਪਾਂ ਦੀ ਮਾਫ਼ੀ ਲਈ ਯਿਸੂ ਮਸੀਹ ਦੇ ਨਾਮ ਵਿਚ ਬਪਤਿਸਮਾ ਲੈਣ ਦਾ ਨਿਰਦੇਸ਼ ਦਿੱਤਾ ਗਿਆ ਸੀ।

1–8. ਲੋਕਾਂ ਨੇ ਵਚਨ *ਕਿਵੇਂ* ਮੰਨਿਆ? [ਰਸੂਲਾਂ ਦੇ ਕੰਮ 2:41; 8:12; 8:36–39; 9:18; 10:48; 16:33; 8:18; 19:5 ਤੋਂ ਹਰ ਆਇਤ ਨੂੰ ਪੜ੍ਹਨ ਦੇ ਬਾਅਦ ਖਾਲੀ ਥਾਂ ਵਿਚ ''ਬਪਤਿਸਮਾ ਲਿਆ'' ਭਰ ਲਓ।] ਇਸ ਤੱਥ ਤੋਂ ਕਿ ਵਚਨ ਨੂੰ ਮੰਨਣ ਦੀਆਂ ਗੱਲਾਂ ਹਮੇਸ਼ਾ ਇਕ ਦੂਜੇ ਨਾਲ ਮੇਲ ਖਾਂਦੀਆਂ ਸਨ, ਇਹ ਸੰਕੇਤ ਮਿਲਣਾ ਚਾਹੀਦਾ ਹੈ ਕਿ ਸੰਦੇਸ਼ ਵੀ ਮੇਲ ਖਾਂਦੇ ਹੋਣੇ ਚਾਹੀਦੇ ਹਨ। ਬੇਸ਼ੱਕ ਬਚਾਏ ਜਾਣ ਲਈ ਉਨ੍ਹਾਂ ਨੂੰ ਕਿਹਾ ਗਿਆ ਸੀ ਇਹ ਪਰਗਟ ਨਹੀਂ ਕੀਤਾ ਗਿਆ, ਪਰ ਇੱਕੋ ਪ੍ਰਚਾਰ ਨਾਲ ਵਚਨ ਨੂੰ ਮੰਨਣ ਤੋਂ ਸੰਕੇਤ ਮਿਲਣਾ ਚਾਹੀਦਾ ਹੈ ਕਿ ਜੋ ਕੁਝ ਯਰੂਸ਼ਲਮ ਵਿਚ ਸੁਣਾਇਆ ਗਿਆ ਸੀ ਉਹੀ ਵਚਨ ਸੰਸਾਰ ਦੇ ਸਭ ਲੋਕਾਂ ਵਿਚ ਹਰ ਥਾਂ ਸੁਣਾਇਆ ਗਿਆ ਸੀ।

ਅਸੀਂ ਇਸ ਭਾਗ ਤੋਂ ਕੀ ਸਿੱਖਿਆ ਹੈ? ਅਸੀਂ ਸਿੱਖਿਆ ਹੈ ਕਿ ਜਿੱਥੇ ਵੀ ਕਿਤੇ ਵਚਨ ਦਾ ਪ੍ਰਚਾਰ ਹੋਇਆ ਉੱਥੇ ਲੋਕਾਂ ਨੇ ਇਸ ਨੂੰ ਇੱਕੋ ਹੀ ਤਰ੍ਹਾਂ ਨਾਲ ਕਬੂਲ ਕੀਤਾ।

## V. ਬਪਤਿਸਮੇ ਦੇ ਬਾਅਦ

1. ਕਿਸੇ ਦੇ ਬਪਤਿਸਮਾ ਲੈਣ ਤੋਂ ਬਾਅਦ ਉਸ ਤੋਂ ਕੀ ਉਮੀਦ ਹੁੰਦੀ ਹੈ? ਬਪਤਿਸਮਾ ਲੈਣ ਵਾਲੇ ਆਦਮੀ ਤੋਂ ਕਿਹੋ ਜਿਹੀ ਜ਼ਿੰਦਗੀ ਦੀ ਉਮੀਦ ਹੁੰਦੀ ਹੈ? [ਰੋਮੀਆਂ 6:4 ਪੜ੍ਹੋ।] ਬਪਤਿਸਮਾ ਲਏ ਹੋਏ ਆਦਮੀ ਦੀ ਜ਼ਿੰਦਗੀ *ਕਿਹੋ ਜਿਹੀ* ਹੋਣੀ ਚਾਹੀਦੀ ਸੀ? [ਖਾਲੀ ਥਾਂ ਵਿਚ ''ਨਵੀਂ'' ਭਰ ਲਓ।]

2. ਬਪਤਿਸਮਾ ਕਿਉਂ ਲਿਆ ਜਾਂਦਾ ਸੀ? [ਰਸੂਲਾਂ ਦੇ ਕੰਮ 2:38।] ਵਿਸ਼ਵਾਸ ਕਰਨ ਵਾਲਿਆਂ ਨੂੰ ਪਤਰਸ ਨੇ ਦੱਸਿਆ ਕਿ ਉਹ ਤੌਬਾ ਕਰਕੇ *ਕਾਹਦੇ ਲਈ* ਬਪਤਿਸਮਾ ਲੈਣ? [ਖਾਲੀ ਥਾਂ ਵਿਚ ''ਮਾਫ਼ੀ'' ਭਰ ਲਓ।] ਤਰਸੁਸ ਦੇ ਸੌਲੁਸ ਨੂੰ (ਜਿਹੜਾ ਬਾਅਦ ਵਿਚ ਪੌਲੁਸ ਰਸੂਲ ਦੇ ਨਾਂਅ ਨਾਲ ਮਸ਼ਹੂਰ ਹੋਇਆ) ਆਪਣੇ ਪਾਪ ਧੋ ਸੁੱਟਣ ਲਈ ਕੀ ਕਰਨ ਨੂੰ ਕਿਹਾ ਗਆ ਸੀ? [ਰਸੂਲਾਂ ਦੇ ਕੰਮ 22:16 ਪੜ੍ਹੋ।] ਸੌਲੁਸ ਨੂੰ ਉੱਠ ਕੇ ਬਪਤਿਸਮਾ ਲੈਣ ਲਈ ਕਿਹਾ ਗਿਆ ਸੀ ਅਤੇ ਉਸ ਦੇ ਪਾਪਾਂ ਦਾ *ਕੀ* ਹੋਣਾ ਸੀ? [ਖਾਲੀ ਥਾਂ ਵਿਚ ''ਧੋਤੇ ਜਾਣੇ'' ਭਰ ਲਓ।]

3. ਯਿਸੂ ਨੇ ਰਸੂਲਾਂ ਨੂੰ ਸਾਰੇ ਜਗਤ ਵਿਚ ਜਾ ਕੇ ਇੰਜੀਲ ਦਾ ਪ੍ਰਚਾਰ ਕਰਨ ਲਈ ਆਖਿਆ ਸੀ। ਯਿਸੂ ਨੇ ਕਿਹਦੇ ਲਈ ਕਿਹਾ ਕਿ ਉਹ ਇੰਜੀਲ ਦਾ ਪ੍ਰਚਾਰ ਸੁਣ ਕੇ ਬਚਾਇਆ ਜਾਵੇਗਾ? [ਮਰਕੁਸ 16:15, 16 ਪੜ੍ਹੋ।] ਯਿਸੂ ਨੇ ਕਿਹਾ ਕਿ ਜਿਹੜਾ ਨਿਹਚਾ ਕਰੇ ਅਤੇ ਬਪਤਿਸਮਾ ਲਵੇ ਉਹੀ *ਕੀ* ਹੋਵੇਗਾ? [ਖਾਲੀ ਥਾਂ ਵਿਚ ''ਬਚਾਇਆ ਜਾਵੇਗਾ'' ਭਰੋ।]

ਇਸ ਭਾਗ ਤੋਂ ਅਸੀਂ ਕੀ ਸਿੱਖਿਆ ਹੈ? ਅਸੀਂ ਸਿੱਖਿਆ ਹੈ ਕਿ ਜੇ ਕੋਈ ਬਪਤਿਸਮਾ ਲੈਂਦਾ ਹੈ ਤਾਂ ਉਸ ਤੋਂ ਨਵੀਂ ਜ਼ਿੰਦਗੀ ਦੀ ਉਮੀਦ ਕੀਤੀ ਜਾਂਦੀ ਹੈ। ਜੋ ਆਦਮੀ ਯਿਸੂ ਵਿਚ ਨਿਹਚਾ ਕਰਕੇ, ਆਪਣੇ ਪਾਪਾਂ ਤੋਂ ਤੌਬਾ ਕਰ ਲੈਂਦਾ ਹੈ ਅਤੇ ਪਾਪਾਂ ਦੀ ਮਾਫ਼ੀ ਲਈ ਬਪਤਿਸਮਾ ਲੈ ਚੁੱਕਾ ਹੈ, ਉਸ ਦੇ ਪਾਪ ਧੋ ਸੁੱਟੇ ਗਏ ਹਨ ਅਤੇ ਉਸ ਨੂੰ ਬਚਾਇਆ ਹੋਇਆ ਮੰਨਿਆ ਜਾਂਦਾ ਹੈ।

## ਸਾਰ

ਇਸ ਪਾਠ ਵਿਚ ਅਸੀਂ ਸਿੱਖਿਆ ਹੈ ਕਿ ਮਨੁੱਖ ਦੇ ਬਚਾਏ ਜਾਣ ਦਾ ਰਾਹ ਯਿਸੂ ਹੀ ਹੈ ਮੁਕਤੀ ਦਾ ਉਸਦਾ ਨਵਾਂ ਢੰਗ ਪਹਿਲੇ ਨੇਮ ਦੇ ਪੁਰਾਣੇ ਢੰਗ ਅਰਥਾਤ ਸ਼ਰ੍ਹਾ ਦੀਆਂ ਸ਼ਰਤਾਂ ਵਾਂਙੁ ਨਹੀਂ ਹੈ।

I. *ਭਲਾ ਪੁਰਾਣਾ ਅਤੇ ਨਵਾਂ ਢੰਗ ਇੱਕੋ ਜਿਹੇ ਹਨ?* ਪੁਰਾਣੇ ਢੰਗ ਵਿਚ ਪਰਛਾਵਾਂ ਅਰਥਾਤ ਜਾਨਵਰਾਂ ਦਾ ਲਹੂ ਜ਼ਰੂਰੀ ਸੀ, ਪਰ ਨਵਾਂ ਢੰਗ ਸਚਿਆਈ ਅਰਥਾਤ ਯਿਸੂ ਦਾ ਲਹੂ ਦਿੰਦਾ ਹੈ। ਇਸ ਢੰਗ ਦਾ ਆਰੰਭ ਪੈਂਟੀਕਾਸਟ ਵਾਲੇ ਦਿਨ ਯਰੂਸ਼ਲਮ ਤੋਂ ਪ੍ਰਚਾਰ ਨਾਲ ਹੋਇਆ ਸੀ।

II. *ਨਵੇਂ ਢੰਗ ਨੂੰ ਸਿਖਾਉਣ ਲਈ ਕੀ ਤਿਆਰੀ ਕੀਤੀ ਗਈ ਸੀ?* ਖ਼ੁਦਾ ਨੇ ਵਾਅਦਾ ਕੀਤਾ ਸੀ ਕਿ ਆਖ਼ਰੀ ਦਿਨਾਂ ਵਿਚ ਉਸ ਦਾ ਵਚਨ ਯਰੂਸ਼ਲਮ ਤੋਂ ਨਿੱਕਲੇਗਾ, ਜੋ ਰਸੂਲਾਂ ਤੇ ਪਵਿੱਤਰ ਆਤਮਾ ਦੇ ਵਹਾਏ ਜਾਣ ਨਾਲ ਹੋ ਗਿਆ। ਪੈਂਟੀਕਾਸਟ ਵਾਲੇ ਦਿਨ, ਆਤਮਾ ਦੀ ਮਦਦ ਨਾਲ, ਉਨ੍ਹਾਂ ਨੂੰ ਸਾਰੀ ਸਚਿਆਈ ਵਿਚ ਅਗਵਾਈ ਮਿਲਣ ਲੱਗੀ। ਆਤਮਾ ਦੇ ਆਉਣ ਨਾਲ, ਉਨ੍ਹਾਂ ਨੂੰ ਪਹਿਲਾਂ ਯਰੂਸ਼ਲਮ ਵਿਚ, ਅਤੇ ਫਿਰ ਸਾਰੀ ਦੁਨੀਆਂ ਵਿਚ ਯਿਸੂ ਦੇ ਨਾਂਅ

ਵਿਚ ਪਾਪਾਂ ਦੀ ਮਾਫ਼ੀ ਦਾ ਪ੍ਰਚਾਰ ਕਰਨ ਲਈ ਤਿਆਰ ਕੀਤਾ ਗਿਆ।

III. *ਯਰੂਸ਼ਲਮ ਵਿਚ ਕੀ ਸਿਖਾਇਆ ਜਾਣ ਲੱਗਾ ਕਿ ਪਾਪਾਂ ਦੀ ਮਾਫ਼ੀ ਲਈ ਕੀਤਾ ਜਾਣਾ ਜ਼ਰੂਰੀ ਹੈ?* ਪਤਰਸ ਨੇ ਸਮਝਾਇਆ ਕਿ ਉਨ੍ਹਾਂ ਨੂੰ ਪਾਪਾਂ ਦੀ ਮਾਫ਼ੀ ਲਈ ਤੌਬਾ ਕਰਨ ਅਤੇ ਬਪਤਿਸਮਾ ਲੈਣਾ ਜ਼ਰੂਰੀ ਹੈ।

IV. *ਇਹ ਸਿਖਾਏ ਜਾਣ ਦੇ ਬਾਅਦ ਲੋਕਾਂ ਨੇ ਕਿਵੇਂ ਕਬੂਲ ਕੀਤਾ?* ਉਨ੍ਹਾਂ ਨੇ ਨਿਹਚਾ ਕਰਕੇ, ਅਤੇ ਤੌਬਾ ਕਰਕੇ (ਜੋ ਜਾਂ ਤਾਂ ਸਾਫ਼ ਤੌਰ ਤੇ ਦੱਸੇ ਗਏ ਹਨ ਜਾਂ ਕਿਤੇ–ਕਿਤੇ ਉਸਦਾ ਸੰਕੇਤ ਮਿਲਦਾ ਹੈ) ਅਤੇ ਬਪਤਿਸਮਾ ਲੈ ਕੇ (ਜਿਸ ਦਾ ਜ਼ਿਆਦਾਤਰ ਘਟਨਾਵਾਂ ਵਿਚ ਖਾਸ ਜ਼ਿਕਰ ਹੈ) ਕਬੂਲ ਕੀਤਾ।

V. *ਉਨ੍ਹਾਂ ਦੇ ਬਪਤਿਸਮਾ ਲੈਣ ਦੇ ਬਾਅਦ ਕੀ ਹੋਇਆ?* ਉਨ੍ਹਾਂ ਕੋਲੋਂ ਨਵੇਂ ਜੀਵਨ ਵਿਚ ਚੱਲਣ ਦੀ ਉਮੀਦ ਕੀਤੀ ਜਾਂਦੀ ਸੀ ਕਿਉਂਕਿ ਉਨ੍ਹਾਂ ਨੂੰ ਮਾਫ਼ ਕੀਤਾ ਗਿਆ ਸੀ, ਉਨ੍ਹਾਂ ਦੇ ਪਾਪ ਧੋ ਦਿੱਤੇ ਗਏ ਸਨ ਅਤੇ ਉਹ ਬਚਾਏ ਗਏ ਸਨ।

ਤੁਹਾਨੂੰ ਕੀ ਲੱਗਦਾ ਹੈ ਕਿ ਜੇ ਅੱਜ ਪਤਰਸ ਇੱਥੇ ਹੁੰਦਾ ਤਾਂ ਪਾਪਾਂ ਦੀ ਮਾਫ਼ੀ ਲਈ ਉਹ ਕੀ ਦੱਸਦਾ? ਕੀ ਓਹ ਪ੍ਰਚਾਰਕ ਜਿਨ੍ਹਾਂ ਨੂੰ ਤੁਸੀਂ ਸੁਣਦੇ ਹੋ ਉਹੀ ਪ੍ਰਚਾਰ ਕਰਦੇ ਹਨ ਜਿਸਦਾ ਪਤਰਸ ਨੇ ਪ੍ਰਚਾਰ ਕੀਤਾ ਸੀ।

*[*ਜੇ ਬਪਤਿਸਮੇ ਬਾਰੇ ਸਵਾਲ ਉੱਠਦੇ ਹਨ, ਤਾਂ ਸਿੱਖਣ ਵਾਲੇ ਨੂੰ ਭਰੋਸਾ ਦਿਓ ਕਿ ਅਗਲੇ ਪਾਠ ਵਿਚ ਉਸ ਨੂੰ ਹੋਰ ਵਿਸਤਾਰ ਨਾਲ ਸਮਝਾਇਆ ਜਾਵੇਗਾ। ਅਗਲੇ ਅਧਿਐਨ ਲਈ ਸਮਾਂ ਤੈਅ ਕਰ ਲਓ।*]*

''ਆਪਣੀ ਮੌਤ ਦੇ ਬਾਅਦ ਮੈਂ ਜੋ ਆਪਣੀ ਯਾਦਗਾਰ ਚਾਹੁੰਦਾ ਹਾਂ, ਉਹ ਪੂਰੀ ਦੁਨੀਆਂ ਵਿਚ ਘੁੰਮਣ ਵਾਲਾ ਦੋ ਲੱਤਾਂ ਵਾਲੀ ਯਾਦਗਾਰ, ਬਚਾਇਆ ਹੋਇਆ ਪਾਪੀ ਹੈ ਜੋ ਯਿਸੂ ਮਸੀਹ ਵਲੋਂ ਪੇਸ਼ ਕੀਤੀ ਮੁਕਤੀ ਬਾਰੇ ਦੱਸੇ।''